# ਹਰੀ ਓਮ ਮੰਦਿਰ ਦੇ ਸ਼ਰਧਾਲੂਆਂ ਨੇ ਉਤਸ਼ਾਹ ਨਾਲ ਮਨਾਈ ਲੋਹੜੀ

**ਸ਼ਿਕਾਗੋ (ਬਿਊਰੋ):** ਸਥਾਨਕ ਹਰੀ ਓਮ ਮੰਦਿਰ, ਮੈਡਾਈਨਾ ਦੇ ਸ਼ਰਧਾਲੂਆਂ ਨੇ ਲੋਹੜੀ ਦਾ ਤਿਓਹਾਰ ਲੰਘੀ 13 ਜਨਵਰੀ ਨੂੰ ਪੂਰੇ ਉਤਸ਼ਾਹ ਅਤੇ ਸ਼ਰਧਾ ਭਾਵਨਾ ਨਾਲ ਪੰਜਾਬ ਦੇ ਰੀਤੀ ਰਿਵਾਜਾਂ ਅਨੁਸਾਰ ਮਨਾਇਆ। ਕੜਾਕੇ ਦੀ ਸਰਦੀ ਦੇ ਬਾਵਜੂਦ ਵੱਡੀ ਗਿਣਤੀ ਵਿਚ ਸ਼ਰਧਾਲੂ ਮੰਦਿਰ ਪਹੁੰਚੇ।


ਤਸਵੀਰਾਂ: ਏਸ਼ੀਅਨ ਮੀਡੀਆ



ਮੰਦਿਰ ਦੇ ਪ੍ਰਬੰਧਕਾਂ ਨੇ ਸ਼ਰਧਾਲੂਆਂ ਲਈ ਮੱਕੀ ਦੀ ਰੋਟੀ, ਸਰੋਂ ਦੇ ਸਾਗ ਅਤੇ ਗੁੜ ਵਾਲੇ ਚੌਲਾਂ ਦਾ ਵਿਸ਼ੇਸ਼ ਪ੍ਰਬੰਧ ਕੀਤਾ ਸੀ। ਇਸ ਤੋਂ ਇਲਾਵਾ ਭੁੱਗਾ, ਮੱਕੀ ਦੇ ਫੁੱਲੇ, ਰਿਉੜੀਆਂ, ਮੂੰਗਫਲੀ, ਖਜੂਰਾਂ ਤੇ ਚਿਰਵੜਾ ਪ੍ਰਸ਼ਾਦ ਦੇ ਤੌਰ 'ਤੇ ਵਰਤਾਏ ਗਏ।

ਇਸ ਵਾਰ ਦੀ ਇਕ ਹੋਰ ਖਿੱਚ ਪੰਜਾਬ ਦੇ ਪਿੰਡ ਦਾ ਖੂਬਸੂਰਤ ਦ੍ਰਿਸ਼ ਸੀ ਜਿਸ ਰਾਹੀਂ ਇਸ ਤਿਓਹਾਰ ਮੌਕੇ ਹੁੰਦੀ ਚਹਿਲ-ਪਹਿਲ ਨੂੰ ਦਰਸਾਇਆ ਗਿਆ ਸੀ। ਰੰਗ-ਬਰੰਗੀਆਂ ਖੂਬਸੂਰਤ ਫੁਲਕਾਰੀਆਂ ਕੰਧਾਂ ਉਤੇ ਸਜਾਈਆਂ ਗਈਆਂ ਸਨ। ਪੰਜਾਬੀ ਸੂਟਾਂ ਵਿਚ ਸਜੀਆਂ ਮੁਟਿਆਰਾਂ ਅਤੇ ਰੰਗ ਬਰੰਗੀਆਂ ਪੱਗਾਂ ਨਾਲ ਸ਼ਿੰਗਾਰੇ ਮੁੰਡਿਆਂ ਦੇ ਬੁੱਤ ਕਿਸੇ ਪਿੰਡ ਦਾ ਅਸਲ ਨਜ਼ਾਰਾ ਪੇਸ਼ ਕਰ ਰਹੇ ਸਨ। ਇਸ ਤੋਂ ਇਲਾਵਾ ਚਰਖਾ, ਚੱਕੀ, ਦਹੀਂ ਵਾਲੀ ਚਾਟੀ, ਖੂਹ, ਮੂੰਗਫਲੀਆਂ ਨਾਲ ਭਰੀ ਰੇਹੜੀ, ਰਿਕਸ਼ੇ, ਫਸਲ ਨਾਲ ਲੱਦਿਆ ਗੱਡਾ, ਮੰਜੀਆਂ, ਪੀੜ੍ਹੀਆਂ ਅਤੇ ਹੋਰ ਬਹੁਤ ਕੁਝ ਪਿੰਡ ਦਾ ਦ੍ਰਿਸ਼ ਖਿੱਚਣ ਲਈ ਸਜਾਇਆ ਗਿਆ ਸੀ। ਢੋਲ ਦੇ ਡਗੇ 'ਤੇ ਆਦਮੀ ਭੰਗੜਾ ਤੇ ਬੀਬੀਆਂ ਗਿੱਧਾ ਪਾ ਕੇ ਪੂਰਾ ਰੰਗ ਬੰਨ ਰਹੇ ਸਨ। ਨਵੇਂ ਜੰਮੇ ਕੁੜੀਆਂ-ਮੁੰਡਿਆਂ ਤੇ ਨਵ ਵਿਆਹੇ ਜੋੜਿਆਂ ਦੀ ਲੋਹੜੀ ਪੂਰੇ ਜਸ਼ਨ ਨਾਲ ਮਨਾਈ ਗਈ।

ਸਿਰਾਂ 'ਤੇ ਗਾਗਰਾਂ ਚੁੱਕੀ ਬੀਬੀਆਂ ਦੀ ਇਕ ਟੋਲੀ ਨੇ ਜਾਗੋ ਵੀ ਕੱਢੀ। ਝੱਟ ਹੀ ਮੰਦਿਰ ਦਾ ਹਾਲ ਗਿੱਧਾ ਪਾਉਂਦੀਆਂ ਤੇ ਤਾੜੀਆਂ ਵਜਾਉਂਦੀਆਂ ਬੀਬੀਆਂ ਨਾਲ ਭਰ ਗਿਆ। ਇਸ ਮੌਕੇ ਲੋਹੜੀ ਦੀ ਧੂਣੀ ਵੀ ਬਾਲੀ ਗਈ। ਨਵੀਂ ਤੇ ਪੁਰਾਣੀ ਪੀੜ੍ਹੀ-ਸਭੇ ਸੁੰਦਰੀਏ ਮੁੰਦਰੀਏ- ਹੋ ਆਖਦੇ ਢੋਲ ਦੇ ਡਗੇ 'ਤੇ ਭੰਗੜਾ ਪਾਉਂਦੇ ਲੋਹੜੀ ਦਾ ਅਨੰਦ ਮਾਣ ਰਹੇ ਸਨ। ਸਮਾਗਮ ਇਕ ਦੂਜੇ ਨੂੰ ਲੋਹੜੀ ਮੁਬਾਰਕ ਕਹਿੰਦਿਆਂ ਸਮਾਪਤ ਹੋਇਆ।

# ਮਾਨਵਾਲਾ ਪੱਖਪਾਤ ਮੁੱਦੇ 'ਤੇ ਸ਼੍ਰੋਮਣੀ ਕਮੇਟੀ ਸਖਤ

**ਸੰਗਰੂਰ:** ਧੂਰੀ ਨੇੜਲੇ ਪਿੰਡ ਮਾਨਵਾਲਾ ਵਿਚ ਦਲਿਤ ਪਰਿਵਾਰ ਨੂੰ ਪਿੰਡ ਦੇ ਗੁਰਦੁਆਰੇ ਵਿਚ ਬਜ਼ੁਰਗ ਔਰਤ ਨਮਿਤ ਅੰਤਿਮ ਅਰਦਾਸ ਸਮਾਗਮ ਕਰਨ ਤੋਂ ਰੋਕਣ ਦੇ ਮਾਮਲੇ ਨੂੰ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਨੇ ਗੰਭੀਰਤਾ ਨਾਲ ਲਿਆ ਹੈ।

ਸ਼੍ਰੋਮਣੀ ਕਮੇਟੀ ਦੇ ਪ੍ਰਧਾਨ ਗੋਬਿੰਦ ਸਿੰਘ ਲੌਂਗੋਵਾਲ ਨੇ ਪਿੰਡ ਮਾਨਵਾਲਾ ਪੁੱਜ ਕੇ ਦਲਿਤ ਪਰਿਵਾਰ ਨਾਲ ਮੁਲਾਕਾਤ ਕੀਤੀ ਅਤੇ ਘਟਨਾ ਦੀ ਜਾਂਚ ਲਈ ਦੋ ਮੈਂਬਰੀ ਕਮੇਟੀ ਬਣਾ ਦਿੱਤੀ ਹੈ। ਇਸੇ ਦੌਰਾਨ ਐਸ.ਜੀ.ਪੀ.ਸੀ. ਮੈਂਬਰਾਂ ਅਤੇ ਪੰਚਾਇਤ ਦੀ ਹਾਜ਼ਰੀ ਵਿਚ ਘਟਨਾ ਲਈ ਜ਼ਿੰਮੇਵਾਰ ਵਿਅਕਤੀਆਂ ਨੇ ਆਪਣੀ ਗਲਤੀ ਮੰਨ ਲਈ ਹੈ।

ਭਾਈ ਲੌਂਗੋਵਾਲ ਨੇ ਪਿੰਡ ਮਾਨਵਾਲਾ ਪੁੱਜ ਕੇ ਪੀੜਤ ਦਲਿਤ ਪਰਿਵਾਰ ਦੇ ਮੁਖੀ ਕਾਕਾ ਸਿੰਘ ਤੋਂ ਘਟਨਾ ਬਾਰੇ ਜਾਣਕਾਰੀ ਲਈ। ਭਾਈ ਲੌਂਗੋਵਾਲ ਨੇ ਇਸ ਮਾਮਲੇ ਨੂੰ ਮੰਦਭਾਗਾ ਕਰਾਰ ਦਿੰਦਿਆਂ ਕਿਹਾ ਕਿ ਜਾਤੀਵਾਦ ਨਾਲ ਜੋੜ ਕੇ ਭੇਦਭਾਵ ਕਰਨਾ ਗੁਰਮਤਿ ਮਰਿਆਦਾ ਦੇ ਉਲਟ ਹੈ ਅਤੇ ਅਜਿਹੀਆਂ ਘਟਨਾਵਾਂ ਸਿੱਖ ਧਰਮ ਦੇ ਸਿਧਾਂਤਾਂ ਨੂੰ ਢਾਹ ਲਾਉਂਦੀਆਂ ਹਨ। ਉਨ੍ਹਾਂ ਕਿਹਾ ਕਿ ਕਿਸੇ ਵੀ ਹਾਲਤ ਵਿਚ ਅਜਿਹਾ ਭੇਦਭਾਵ ਬਰਦਾਸ਼ਤ ਨਹੀਂ ਕੀਤਾ ਜਾਵੇਗਾ। ਇਸ ਲਈ ਘਟਨਾ ਦੀ ਜਾਂਚ ਲਈ ਸ਼੍ਰੋਮਣੀ ਕਮੇਟੀ ਦੇ ਅੰਤ੍ਰਿੰਗ ਕਮੇਟੀ ਮੈਂਬਰ ਭਾਈ ਹਰਿੰਦਰ ਸਿੰਘ ਰੋਗਲਾ ਅਤੇ ਮੈਂਬਰ ਭਾਈ ਭੁਪਿੰਦਰ ਸਿੰਘ ਭਲਵਾਨ ਉਤੇ ਅਧਾਰਤ ਦੋ ਮੈਂਬਰੀ ਕਮੇਟੀ ਬਣਾ ਦਿੱਤੀ ਹੈ। ਜਾਂਚ ਰਿਪੋਰਟ ਮਿਲਣ ਤੋਂ ਬਾਅਦ ਅਗਲੀ ਕਾਰਵਾਈ ਕੀਤੀ ਜਾਵੇਗੀ।

## ਪੈਟਰੋਲ ਪੰਪ ਤੋਂ 17 ਲੱਖ ਲੁੱਟੇ

**ਅਬੋਹਰ:** ਪੰਜਾਬ-ਰਾਜਸਥਾਨ ਦੇ ਨਾਲ ਲੱਗਦੇ ਫਾਜ਼ਿਲਕਾ ਜ਼ਿਲ੍ਹੇ ਦੇ ਪਿੰਡ ਦੋਦਾਵਾਲਾ ਸਥਿਤ ਪੈਟਰੋਲ ਪੰਪ ਨੂੰ ਕੁਝ ਵਿਅਕਤੀਆਂ ਨੇ ਗੋਲੀਆਂ ਚਲਾ ਕੇ ਲੁੱਟ ਲਿਆ।

ਪੰਪ ਮਾਲਕ ਨੇ 17 ਲੱਖ ਰੁਪਏ ਦੀ ਲੁੱਟ ਦੀ ਗੱਲ ਕਹੀ ਹੈ। ਦੋਦਾਵਾਲਾ ਦੇ ਇੰਡੀਅਨ ਆਇਲ ਦੇ ਤਿਲਕ ਮੋਟਰਜ਼ ਪੈਟਰੋਲ ਪੰਪ 'ਤੇ ਤਿੰਨ ਮੋਟਰਸਾਈਕਲ ਸਵਾਰ ਆਏ। ਉਨ੍ਹਾਂ ਪੰਪ ਮੁਲਾਜ਼ਮਾਂ ਨੂੰ ਬੰਦੂਕ ਦੇ ਜ਼ੋਰ 'ਤੇ ਧਮਕਾਇਆ ਅਤੇ ਗੋਲੀਆਂ ਚਲਾ ਕੇ ਉਨ੍ਹਾਂ ਤੋਂ ਨਗਦੀ ਲੁੱਟ ਲਈ।

## ਅਨੰਦ ਮੈਰਿਜ ਐਕਟ ਲਾਗੂ ਨਾ ਕਰਨ 'ਤੇ ਚੰਡੀਗੜ੍ਹ ਪ੍ਰਸ਼ਾਸਨ ਤਲਬ

**ਚੰਡੀਗੜ੍ਹ:** ਕੇਂਦਰ ਸਰਕਾਰ ਵੱਲੋਂ ਅਨੰਦ ਮੈਰਿਜ ਐਕਟ 1909 ਵਿਚ ਸਾਲ 2012 ਵਿਚ ਕੀਤੀ ਸੋਧ ਦੇ ਬਾਵਜੂਦ ਚੰਡੀਗੜ੍ਹ ਵਿਚ ਇਹ ਸੋਧਿਆ ਐਕਟ ਲਾਗੂ ਨਾ ਕਰਨ 'ਤੇ ਦਾਖਲ ਇਕ ਪਟੀਸ਼ਨ ਉਤੇ ਪੰਜਾਬ ਅਤੇ ਹਰਿਆਣਾ ਹਾਈ ਕੋਰਟ ਦੇ ਇਕ ਮੈਂਬਰੀ ਬੈਂਚ ਨੇ ਚੰਡੀਗੜ੍ਹ ਪ੍ਰਸ਼ਾਸਨ ਨੂੰ ਨੋਟਿਸ ਜਾਰੀ ਕਰ ਕੇ ਤਲਬ ਕਰ ਲਿਆ ਹੈ।

ਪਟੀਸ਼ਨ ਵਿਚ ਕਿਹਾ ਗਿਆ ਹੈ ਕਿ ਬੜੇ ਸੰਘਰਸ਼ ਪਿਛੋਂ ਐਕਟ ਵਿਚ ਸੋਧ ਕਰ ਕੇ ਸਿੱਖਾਂ ਦੇ ਵਿਆਹ, ਅਨੰਦ ਮੈਰਿਜ ਐਕਟ ਤਹਿਤ ਰਜਿਸਟਰ ਕਰਵਾਉਣ ਦੀ ਮੰਗ ਪੂਰੀ ਹੋਈ ਸੀ ਪਰ ਇਸ ਦੇ ਬਾਵਜੂਦ ਅਜੇ ਤੱਕ ਇਹ ਐਕਟ ਚੰਡੀਗੜ੍ਹ ਵਿਚ ਲਾਗੂ ਨਹੀਂ ਹੋ ਸਕਿਆ। ਅਨੰਦ ਕਾਰਜ ਰਾਹੀਂ ਹੋਏ ਵਿਆਹ ਨੂੰ ਅਨੰਦ ਮੈਰਿਜ ਐਕਟ ਤਹਿਤ ਰਜਿਸਟਰ ਕੀਤਾ ਜਾਣ ਲੱਗਾ ਹੈ।

ਇਸ ਲਈ ਸਬੰਧਤ ਸੂਬਿਆਂ ਨੇ ਨਿਯਮ ਤੈਅ ਕਰਨੇ ਹਨ ਤੇ ਇਹ ਸੋਧਿਆ ਐਕਟ ਕਈ ਸੂਬਿਆਂ ਵਿਚ ਲਾਗੂ ਹੋ ਚੁੱਕਾ ਹੈ ਪਰ ਚੰਡੀਗੜ੍ਹ ਵਿਚ ਅਜੇ ਤੱਕ ਇਸ ਸੋਧੇ ਐਕਟ ਨੂੰ ਲਾਗੂ ਕਰਨ ਲਈ ਨਿਯਮ ਤੈਅ ਨਹੀਂ ਕੀਤੇ ਗਏ ਹਨ। ਜ਼ਿਕਰਯੋਗ ਹੈ ਕਿ ਇਸ ਤੋਂ ਪਹਿਲਾਂ ਸਿੱਖਾਂ ਦੇ ਵਿਆਹ ਹਿੰਦੂ ਮੈਰਿਜ ਐਕਟ ਤਹਿਤ ਹੀ ਰਜਿਸਟਰਡ ਹੁੰਦੇ ਸੀ ਤੇ ਲੰਮੇ ਸੰਘਰਸ਼ ਉਪਰੰਤ ਕੇਂਦਰ ਸਰਕਾਰ ਨੇ ਅਨੰਦ ਮੈਰਿਜ ਐਕਟ ਵਿਚ ਸਿੱਖਾਂ ਦੇ ਵਿਆਹਾਂ ਦੀ ਵੱਖਰੇ ਤੌਰ ਉਤੇ ਰਜਿਸਟ੍ਰੇਸ਼ਨ ਦੀ ਤਜਵੀਜ਼ ਬਣਾਈ ਸੀ।

## ਰਾਵਤ ਮੁੱਖ ਚੋਣ ਕਮਿਸ਼ਨਰ ਨਿਯੁਕਤ

**ਨਵੀਂ ਦਿੱਲੀ:** ਓਮ ਪ੍ਰਕਾਸ਼ ਰਾਵਤ ਨੂੰ ਮੁੱਖ ਚੋਣ ਕਮਿਸ਼ਨਰ ਨਿਯੁਕਤ ਕੀਤਾ ਗਿਆ ਹੈ, ਜੋ ਏ.ਕੇ. ਜੋਤੀ ਦੀ ਜਗ੍ਹਾ ਲੈਣਗੇ। ਕਾਨੂੰਨ ਮੰਤਰਾਲੇ ਨੇ ਦੱਸਿਆ ਕਿ ਸਰਕਾਰ ਵੱਲੋਂ ਸਾਬਕਾ ਵਿੱਤ ਸਕੱਤਰ ਅਸ਼ੋਕ ਲਵਾਸਾ ਨੂੰ ਚੋਣ ਕਮਿਸ਼ਨਰ ਨਿਯੁਕਤ ਕੀਤਾ ਗਿਆ ਹੈ। ਚੋਣ ਕਮਿਸ਼ਨ ਦੇ ਤੀਜੇ ਮੈਂਬਰ ਸੁਨੀਲ ਅਰੋੜਾ ਹਨ।

Sistar Mortgage
Minimizing Cost, Maximizing Investment
www.SistarMortgage.com



Balbir (Bill) Grewal, Loan Officer (NMLS 353442)
*Residential & Commercial Loans*
(734) 330-8859 Mobile
(586) 802-7385 Fax
Balbir.Grewal@SistarMortgage.com
*Loans Available In Most States!*
*Refinance up to 125% value of the house.*
•Residential Loans (Purchase, Refinance & Cash Out Refinance). •Self Employed and H1 Visa •Jumbo loans •Commercial Property With Business or Business Only. •Business Equity Line of Credit. •Multi Unit Investment Property.

Michigan Truck Driving School
6405 Middlebelt Road, Romulus, MI 48174
ਸਭ ਸਹੂਲਤਾਂ ਨਾਲ ਲੈਸ ਨਵਾਂ ਟਰੱਕ ਡਰਾਈਵਿੰਗ ਸਕੂਲ




*ਸਕੂਲ ਸਰਕਾਰ ਤੋਂ ਮਾਨਤਾ ਪ੍ਰਾਪਤ ਹੈ
*3-4 ਹਫਤਿਆਂ ਵਿਚ ਪ੍ਰੋਫੈਸ਼ਨਲ ਟਰੱਕ ਡਰਾਇਵਰ ਬਣੋ
Raj Jamarai Cell:734-644-1010 Office:734-747-4298



The Law Firm Of Fatima Johnson
3737 N. Meridian St., Ste 106, Indianapolis, IN 46208
vitalvisa THE LAW FIRM OF FATIMA JOHNSON
ਤੁਸੀਂ ਸਾਡੇ ਲਈ ਬਹੁਤ ਅਹਿਮ ਹੋ
Are you planning on going to your immigration interview or court alone? Don't do it!
ਕੀ ਤੁਸੀਂ ਇਕੱਲੇ ਇਮੀਗ੍ਰੇਸ਼ਨ ਇੰਟਰਵਿਊ ਜਾਂ ਅਦਾਲਤ ਜਾਣਾ ਚਾਹੁੰਦੇ ਹੋ? ਇੰਜ ਨਾ ਕਰੋ!
Did you enter the U.S. without a visa?
ਕੀ ਤੁਸੀਂ ਯੂਨਾਈਟਿਡ ਸਟੇਟ ਵਿਚ ਕਿਸੇ ਵੀਜ਼ੇ ਦੇ ਬਿਨਾ ਦਾਖਲ ਹੋਏ ਹੋ?
Do you have family members outside the U.S.?
ਕੀ ਤੁਹਾਡੇ ਪਰਿਵਾਰ ਦੇ ਮੈਂਬਰ ਅਮਰੀਕਾ ਤੋਂ ਬਾਹਰ ਹਨ?
Does your application keep getting denied?
ਕੀ ਤੁਹਾਡੀ ਦਰਖਾਸਤ ਵਾਰ ਵਾਰ ਰੱਦ ਹੋ ਰਹੀ ਹੈ?
*We are experienced in.*
•Deportation Defense •VAWA •Asylum •Work Permit •Family and Marriage Based •Investor Visa (H1B, E-2, EB-5) •SIJS (Special Immigration Juvenile Status)
Come talk to an experienced immigration attorany. Call to schedule an appointment today
ਇੱਕ ਤਜਰਬੇਕਾਰ ਇਮੀਗ੍ਰੇਸ਼ਨ ਅਟਾਰਨੀ ਨਾਲ ਗੱਲ ਕਰੋ। ਅੱਜ ਇਕ ਮੁਲਾਕਾਤ ਤੈਅ ਕਰਨ ਲਈ ਕਾਲ ਕਰੋ
Languages Spoken
•English •Hindi •Punjabi •Urdu •Spanish •French •Arabic •Chinese
ਅਸੀਂ ਅੰਗਰੇਜ਼ੀ, ਹਿੰਦੀ, ਪੰਜਾਬੀ, ਉਰਦੂ, ਸਪੈਨਿਸ਼, ਫਰੈਂਚ, ਅਰਬੀ ਤੇ ਚੀਨੀ ਬੋਲਦੇ ਹਾਂ
*Licensed to Practice Immigration Law in all 50 States.*
Ph: 317-252-0013
info@vitalvisa.com
*This is an attorney advertisement*